# ਵਿਕਾਸਾਤਮਕ ਦੋ-ਭਾਸ਼ੀ ਸਿੱਖਿਆ (Developmental Bilingual Education)

## ਪ੍ਰੋਗਰਾਮ ਦਾ ਬਿਓਰਾ

ਵਿਕਾਸਾਤਮਕ ਦੋ-ਭਾਸ਼ੀ ਸਿੱਖਿਆ (Developmental Bilingual Education) ਪ੍ਰੋਗਰਾਮ ਅੰਗਰੇਜ਼ੀ ਬੋਲਣ ਵਾਲੇ ਵਿਦੇਸ਼ੀ ਵਿਦਿਆਰਥੀਆਂ ਦੀ ਅੰਗਰੇਜ਼ੀ ਅਤੇ ਆਪਣੀ ਮੂਲ ਭਾਸ਼ਾ ਵਿੱਚ ਮੁਹਾਰਤ ਅਤੇ ਪੜ੍ਹਨ-ਲਿਖਣ ਦੀ ਯੋਗਤਾ ਵਿਕਸਤ ਕਰਦਾ ਹੈ। ਪ੍ਰੋਗਰਾਮ ਅਕਾਦਮਿਕ ਵਿਸ਼ਿਆਂ ਵਿੱਚ ਸਫ਼ਲ ਹੋਣ ਵਿੱਚ ਵੀ ਵਿਦਿਆਰਥੀਆਂ ਦੀ ਮਦਦ ਕਰਦਾ ਹੈ। ਇਹ ਪ੍ਰੋਗਰਾਮ ਮੁਕੰਮਲ ਤੌਰ 'ਤੇ ਦੋ-ਭਾਸ਼ੀਵਾਦ ਦੇ ਵਿਕਾਸ 'ਤੇ ਜ਼ੋਰ ਪਾਉਂਦਾ ਹੈ। ਕਲਾਸਾਂ ਗ੍ਰੇਡ ਵਿੱਚ ਉੱਨਤੀ ਅਤੇ ਦੋ-ਭਾਸ਼ੀ ਬਣਨ ਅਤੇ ਦੋ ਭਾਸ਼ਾਵਾਂ ਵਿੱਚ ਪੜ੍ਹਨ ਅਤੇ ਲਿਖਣ ਨੂੰ ਮਹੱਤਵ ਦਿੰਦੀਆਂ ਹਨ।

**ਪੜ੍ਹਾਈ ਦੇ ਟੀਚੇ:** ਗ੍ਰੇਡ ਵਿੱਚ ਤਰੱਕੀ ਲਈ ਅਤੇ ਦੋ-ਭਾਸ਼ੀ ਬਣਨ ਅਤੇ ਦੋ ਭਾਸ਼ਾਵਾਂ ਵਿੱਚ ਪੜ੍ਹਨ ਅਤੇ ਲਿਖਣ ਯੋਗ ਬਣਨ ਲਈ ਅਕਾਦਮਿਕ ਪ੍ਰਾਪਤੀ ਦੇ ਮਾਪਦੰਡਾਂ 'ਤੇ ਪੂਰਾ ਉਤਰਨਾ।

**ਪ੍ਰੋਗਰਾਮ ਦੇ ਹਿੱਸੇ:** ਤੁਹਾਡੇ ਬੇਟੇ/ਬੇਟੀ ਨੂੰ ਸਹੀ ਲੱਗੇ ਪੜ੍ਹਾਈ ਕਰਵਾਈ ਜਾਵੇਗੀ:

_____ ਅੰਗਰੇਜ਼ੀ ਵਿੱਚ ਪੜ੍ਹਨਾ ਅਤੇ ਲਿਖਣਾ
_____ ਮੂਲ ਭਾਸ਼ਾ ਵਿੱਚ ਪੜ੍ਹਨਾ ਅਤੇ ਲਿਖਣਾ
_____ ਅੰਗਰੇਜ਼ੀ ਵਿੱਚ ਵਿਸ਼ੇਸ਼ ਤੌਰ 'ਤੇ ਤਿਆਰ ਕੀਤੀ ਪੜ੍ਹਾਈ (ESL)
_____ ਅੰਗਰੇਜ਼ੀ ਵਿੱਚ ਗਣਿਤ
_____ ਮੂਲ ਭਾਸ਼ਾ ਵਿੱਚ ਗਣਿਤ
_____ ਅੰਗਰੇਜ਼ੀ ਵਿੱਚ ਵਿਗਿਆਨ
_____ ਅੰਗਰੇਜ਼ੀ ਵਿੱਚ ਸਮਾਜਕ ਸਿੱਖਿਆ
_____ ਮੂਲ ਭਾਸ਼ਾ ਵਿੱਚ ਸਮਾਜਕ ਸਿੱਖਿਆ
_____ ਤੁਹਾਡੇ ਦੇਸ਼ ਅਤੇ ਅਮਰੀਕਾ ਦਾ ਇਤਿਹਾਸ ਅਤੇ ਸੱਭਿਆਚਾਰ
_____ ਅੰਗਰੇਜ਼ੀ ਵਿੱਚ ਅਮਰੀਕੀ ਇਤਿਹਾਸ
_____ ਮੂਲ ਭਾਸ਼ਾ ਵਿੱਚ ਅਮਰੀਕੀ ਇਤਿਹਾਸ
_____ ਅੰਗਰੇਜ਼ੀ ਵਿੱਚ ਖਪਤਕਾਰ ਸਿੱਖਿਆ
_____ ਮੂਲ ਭਾਸ਼ਾ ਵਿੱਚ ਖਪਤਕਾਰ ਸਿੱਖਿਆ
_____ ਅੰਗਰੇਜ਼ੀ ਵਿੱਚ ਸਿਹਤ
_____ ਮੂਲ ਭਾਸ਼ਾ ਵਿੱਚ ਸਿਹਤ
_____ ਅੰਗਰੇਜ਼ੀ ਵਿੱਚ ਡ੍ਰਾਈਵਰ ਦੀ ਸਿੱਖਿਆ
_____ ਮੂਲ ਭਾਸ਼ਾ ਵਿੱਚ ਡ੍ਰਾਈਵਰ ਦੀ ਸਿੱਖਿਆ

**ਬਾਹਰ ਨਿਕਲਣ ਦੀਆਂ ਕਾਰਜ-ਵਿਧੀਆਂ (ਇਸ ਭਾਗ ਵਿਚਲੀ ਜਾਣਕਾਰੀ ਜ਼ਿਲ੍ਹੇ ਦੇ ਮੁਤਾਬਕ ਵੱਖ-ਵੱਖ ਹੁੰਦੀ ਹੈ।)**

ਸਕੂਲ ਵਿਦਿਆਰਥੀਆਂ ਨੂੰ _______ ਗ੍ਰੇਡਾਂ ਵਿੱਚ ਵਿਕਾਸਾਤਮਕ ਦੋ-ਭਾਸ਼ੀ ਸਿੱਖਿਆ (Developmental Bilingual Education) ਪ੍ਰੋਗਰਾਮ ਮੁਹੱਈਆ ਕਰਦਾ ਹੈ। ਕਿਉਂਕਿ ਪ੍ਰੋਗਰਾਮ ਅੰਗਰੇਜ਼ੀ ਅਤੇ ਮੂਲ ਭਾਸ਼ਾ ਦੋਹਾਂ ਵਿੱਚ ਹੀ ਪੜ੍ਹਨ-ਲਿਖਣ ਦੀ ਯੋਗਤਾ ਵਿਕਸਤ ਕਰਦਾ ਹੈ, ਇਸ ਕਰਕੇ ਭਾਵੇਂ ਵਿਦਿਆਰਥੀਆਂ ਨੇ ਅੰਗਰੇਜ਼ੀ ਵਿੱਚ ਮੁਹਾਰਤ ਹਾਸਲ ਕਰ ਵੀ ਲਈ ਹੋਵੇ ਤਾਂ ਵੀ ਉਹ ਪ੍ਰੋਗਰਾਮ ਵਿੱਚ ਹੀ ਰਹਿੰਦੇ ਹਨ। ਸਾਡੇ ਜ਼ਿਲ੍ਹਿਆਂ ਦੀ ਮੁੱਖ ਧਾਰਾ ਵਿੱਚ ਰਲ਼ ਜਾਣ ਦੀ ਅਨੁਮਾਨਤ ਦਰ ਸਾਲਾਨਾ ਅਧਾਰ 'ਤੇ _____ % ਹੈ।
ਇਸ ਪ੍ਰੋਗਰਾਮ ਵਿੱਚ ਹਾਈ ਸਕੂਲ ਲਈ ਗ੍ਰੈਜੂਏਸ਼ਨ ਦੀ ਅਨੁਮਾਨਤ ਦਰ _____ ਹੈ।

## ਵਿਸ਼ੇਸ਼ ਸਿੱਖਿਆ ਸੇਵਾਵਾਂ

ਵਿਸ਼ੇਸ਼ ਰੂਪ ਵਿੱਚ ਤਿਆਰ ਕੀਤੀਆਂ ਗਈਆਂ ਸੇਵਾਵਾਂ ਦੀ ਲੋੜ ਵਾਲੇ ਅਪਾਹਜ ਵਿਦਿਆਰਥੀਆਂ ਲਈ, ਭਾਸ਼ਾ ਦੀ ਪੜ੍ਹਾਈ ਵਿਦਿਆਰਥੀ ਦੇ ਵਿਅਕਤੀਗਤ ਸਿੱਖਿਆ ਪ੍ਰੋਗਰਾਮ (Individualized Education Program) (IEP) ਦੇ ਉਦੇਸ਼ਾਂ ਨੂੰ ਪੂਰਾ ਕਰਦੀ ਹੈ।

## ਸਕੂਲ ਵਿੱਚ ਮੁਹੱਈਆ ਕੀਤੇ ਜਾਂਦੇ ਹੋਰ ਪ੍ਰੋਗਰਾਮ

- ਉਹਨਾਂ ਵਿਦਿਆਰਥੀਆਂ ਲਈ ਨਿਯਮਿਤ ਪੜ੍ਹਾਈ ਜਿਹੜੇ ਅੰਗਰੇਜ਼ੀ ਵਿੱਚ ਮੁਹਾਰਤ ਰੱਖਦੇ ਹਨ। ਪੜ੍ਹਾਈ ਹਰ ਸਮੇਂ ਅੰਗਰੇਜ਼ੀ ਵਿੱਚ ਹੁੰਦੀ ਹੈ। ਮੂਲ ਭਾਸ਼ਾ ਦੀ ਵਰਤੋਂ ਨਹੀਂ ਕੀਤੀ ਜਾਂਦੀ। ਦੂਜੀ ਭਾਸ਼ਾ ਵਜੋਂ ਅੰਗਰੇਜ਼ੀ (English as a Second language) ਦੀ ਕੋਈ ਪੜ੍ਹਾਈ ਨਹੀਂ ਕਰਵਾਈ ਜਾਂਦੀ। ਪੜ੍ਹਾਈ ਦਾ ਟੀਚਾ ਗ੍ਰੇਡ ਵਿੱਚ ਤਰੱਕੀ ਅਤੇ ਗ੍ਰੈਜੂਏਸ਼ਨ ਲਈ ਅਕਾਦਮਿਕ ਪ੍ਰਾਪਤੀ ਦੇ ਗ੍ਰੇਡ ਦੇ ਢੁੱਕਵੇਂ ਅਕਾਦਮਿਕ ਮਾਪਦੰਡਾਂ 'ਤੇ ਪੂਰਾ ਉਤਰਨਾ ਹੈ।
- ਮੁਹੱਈਆ ਕੀਤੇ ਜਾਂਦੇ ਕਿਸੇ ਹੋਰ ਪ੍ਰੋਗਰਾਮ ਬਾਰੇ ਜਾਣਕਾਰੀ ਨੱਥੀ ਕੀਤੀ ਜਾ ਸਕਦੀ ਹੈ।